# ਇਹ ਹਮਾਰਾ ਜੀਵਣਾ

ਗੁਰਸ਼ਰਨ ਸਿੰਘ

## ਖੱਬੀ ਧਿਰ ਦਾ ਸੋਚਣਾ ਬਣਦਾ ਹੈ

ਲੋਕ ਸਭਾ ਦੀਆਂ ਮੌਜੂਦਾ ਚੋਣਾਂ ਦੇ ਦਰਮਿਆਨ ਮੈਨੂੰ ਖੱਬੀ ਧਿਰ ਦੇ ਚੋਣ ਜਲਸਿਆਂ ਵਿਚ ਨਾਟਕਾਂ ਲਈ ਜਾਣ ਦਾ ਮੌਕਾ ਮਿਲਿਆ ਹੈ। ਇਸ ਵਿਚ ਸੀ. ਪੀ. ਐਮ., ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ. ਐਲ.) ਦੀਆਂ ਪਾਰਟੀਆਂ ਸ਼ਾਮਲ ਸਨ। ਇਸੇ ਦਰਮਿਆਨ ਸੇਲਬਰ੍ਹਾ (ਜ਼ਿਲ੍ਹਾ ਬਠਿੰਡਾ) ਵਿਚ ਉਸ ਵਿਸ਼ਾਲ ਇਕੱਠ ਵਿਚ ਜਾਣ ਦਾ ਵੀ ਮੌਕਾ ਮਿਲਿਆ ਜਿਸ ਦੀ ਲਾਮਬੰਦੀ ਉਨ੍ਹਾਂ ਧਿਰਾਂ ਵੱਲੋਂ ਕੀਤੀ ਗਈ ਸੀ ਜੋ ਇਨ੍ਹਾਂ ਚੋਣਾਂ ਵਿਚ ਯਕੀਨ ਨਹੀਂ ਰੱਖਦੀਆਂ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਲੋਕ ਮੋਰਚਾ ਜਥੇਬੰਦੀ ਵਿਚ ਜਥੇਬੰਦ ਕੀਤਾ ਹੈ। ਮੇਰਾ ਵਿਚਾਰ ਹੈ ਕਿ ਇਕ ਵੱਡੀ ਤਾਕਤ ਹੋਣ 'ਤੇ ਵੀ ਖੱਬੀ ਧਿਰ ਪੰਜਾਬ ਦੇ ਲੋਕਾਂ ਅੱਗੇ ਕੋਈ ਠੋਸ ਵਿਕਲਪ ਬਣ ਕੇ ਨਹੀਂ ਉੱਭਰੀ। ਖੱਬੀ ਧਿਰ ਨੂੰ ਵਿਚਾਰਧਾਰਾਵਾਂ ਦੇ ਅਨੁਸਾਰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਸੀ. ਪੀ. ਐਮ. ਅਤੇ ਸੀ. ਪੀ. ਆਈ. ਦੇ ਉਮੀਦਵਾਰ ਐਲਾਨੀਆਂ ਤੌਰ 'ਤੇ ਚੋਣਾਂ ਰਾਹੀਂ ਸੱਤਾ ਵਿਚ ਆਉਣ ਦੇ ਧਾਰਨੀ ਹਨ। ਸੀ. ਪੀ. ਆਈ. (ਐਮ. ਐਲ.) ਦੇ ਦੋ ਗਰੁੱਪਾਂ (ਵਿਨੋਦ ਮਿਸ਼ਰਾ ਅਤੇ ਦਰਸ਼ਨ ਖੱਟਕਲ) ਨੇ ਚੋਣਾਂ ਵਿਚ ਹਿੱਸਾ ਆਪਣੀ ਗੱਲ ਕਹਿਣ ਲਈ ਅਤੇ ਪਾਰਟੀ ਸਿਆਸਤ ਲੋਕਾਂ ਵਿਚ ਲਿਜਾਣ ਦਾ ਮੰਤਵ ਐਲਾਨਿਆ। ਨਕਸਲਵਾੜੀਆਂ ਦੇ ਬਾਕੀ ਗਰੁੱਪਾਂ ਨੇ ਚੋਣਾਂ ਦੇ ਬਾਈਕਾਟ ਦਾ ਪੈਂਤਰਾ ਅਪਣਾਇਆ। ਇਸ ਬਹਿਸ ਵਿਚ ਪਏ ਬਗੈਰ ਕਿ ਲਾਈਨ ਠੀਕ ਕਿਹੜੀ ਹੈ, ਇਹ ਸਾਫ ਹੈ ਕਿ ਤਿੰਨੇ ਹੀ ਸੋਚਾਂ ਵਾਲਿਆਂ ਨੇ ਆਪਣੇ ਮੰਤਵਾਂ ਦੀ ਪੂਰਤੀ ਲਈ ਇਸ ਮੌਕੇ ਲਈ ਪੂਰੀ ਤਿਆਰੀ ਨਹੀਂ ਕੀਤੀ ਸੀ। ਇਕ ਲੋਕ ਸਭਾ ਸੀਟ ਲੜਨ ਲਈ ਅਤੇ ਜਿੱਤਣ ਲਈ ਇਕ ਖਾਸ ਵਿਉਂਤਬੰਦੀ ਹੋਣੀ ਚਾਹੀਦੀ ਹੈ। ਇਸ ਹਲਕੇ ਵਿਚ ਪੈਂਦੇ ਸਾਰੇ ਇਲਾਕਿਆਂ ਵਿਚ ਪਾਰਟੀ ਦੇ ਯੂਨਿਟ ਹੋਣੇ ਜ਼ਰੂਰੀ ਹਨ। ਕੁੱਲ ਹਲਕਾ ਇੰਨ੍ਹਾ ਵੱਡਾ ਹੈ ਕਿ ਵੋਟਾਂ ਭੁਗਤਾਨ ਵਾਲੇ ਦਿਨ ਲਈ ਸੈਂਕੜੇ ਸਰਗਰਮ ਵਰਕਰਾਂ ਦੀ ਲੋੜ ਹੈ। ਇਸ ਵਿਉਂਤਬੰਦੀ ਲਈ ਇਕ ਮਹੀਨੇ ਦੀ ਨਹੀਂ ਸਗੋਂ ਲੰਮੇ ਸਮੇਂ ਦੀ ਜ਼ਰੂਰਤ ਹੈ। ਸੀ. ਪੀ. ਐਮ. ਅਤੇ ਸੀ. ਪੀ. ਆਈ. ਕੋਲ ਵੱਡੀਆਂ ਅਵਾਮੀ ਜਥੇਬੰਦੀਆਂ ਹਨ। ਇਨ੍ਹਾਂ ਜਥੇਬੰਦੀਆਂ ਦੇ ਸਰਗਰਮ ਕਾਰਕੁੰਨਾਂ ਨੂੰ ਪਹਿਲੇ ਹੀ ਤਿਆਰ ਕਰਨਾ ਬਣਦਾ ਹੈ ਕਿ ਉਹ ਵੱਡੀ ਲੜਾਈ (ਜੇ ਅਸੀਂ ਚੋਣਾਂ ਨੂੰ ਵੱਡੀ ਲੜਾਈ ਸਮਝਦੇ ਹਾਂ) ਲਈ ਤਿਆਰ ਰਹਿਣ। ਸੀ. ਪੀ. ਆਈ. (ਐਮ. ਐਲ.) ਦੇ ਉਹ ਗਰੁੱਪ ਜਿਹੜੇ ਸਮਝਦੇ ਹਨ ਕਿ ਉਨ੍ਹਾਂ ਨੇ ਚੋਣਾਂ ਵਿਚ ਹਿੱਸਾ ਸਿਰਫ ਇਸ ਲਈ ਲੈਣਾ ਹੈ ਕਿ ਉਹ ਆਪਣੀ ਗੱਲ ਜਾਂ ਆਪਣੀ ਸਿਆਸਤ ਲੋਕਾਂ ਤੱਕ ਲਿਜਾ ਸਕਣ ਤਾਂ ਉਨ੍ਹਾਂ ਦੀ ਵਿਉਂਤਬੰਦੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਵੱਡੇ ਤੋਂ ਵੱਡੇ ਚੋਣ ਜਲਸੇ (ਭਾਵੇਂ ਗਿਣਤੀ ਵਿਚ ਥੋੜ੍ਹੇ ਹੀ ਹੋਣ) ਚੋਣਵੀਆਂ ਥਾਵਾਂ 'ਤੇ ਕਰਨ ਅਤੇ ਨਿਪੁੰਨ ਬੁਲਾਰਿਆਂ ਰਾਹੀਂ ਆਪਣੀ ਗੱਲ ਜ਼ੋਰਦਾਰ ਤਰੀਕੇ ਨਾਲ ਕਰਨ। ਜਿਹੜੇ ਸਮਝਦੇ ਹਨ ਕਿ ਚੋਣਾਂ ਦਾ ਰਾਹ ਮੁਕਤੀ ਦਾ ਰਾਹ ਨਹੀਂ ਫੇਰ ਉਹ ਸਾਰਾ ਧਿਆਨ ਦੱਬੀ-ਕੁੱਚਲੀ ਜਮਾਤ ਦੇ ਸੰਘਰਸ਼ਾਂ ਉੱਤੇ ਹੀ ਕੇਂਦਰਤ ਕਰਨ। ਇਸ ਜਮਾਤ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕ ਕੇ ਉਨ੍ਹਾਂ ਨੂੰ ਸੜਕਾਂ 'ਤੇ ਲਿਆਉਣ।

**ਪਿੱਛੋਂ ਲਿਖਿਆ ਨੋਟ :** ਇਹ ਸੋਚਣ ਵਾਲੀ ਗੱਲ ਹੈ ਕਿ ਖੱਬੀ ਧਿਰ ਪੰਜਾਬ ਵਿਚ 13 ਉਮੀਦਵਾਰ ਕਿਉਂ ਨਹੀਂ ਲੱਭ ਸਕੀ, ਜੋ ਖੱਬੀ ਵਿਚਾਰਧਾਰਾ ਦੀ ਨੁਮਾਇੰਦਗੀ ਕਰਦੇ? ਇਹ ਦੁੱਖ ਦੀ ਗੱਲ ਹੈ ਕਿ ਤਰਨਤਾਰਨੀਆਂ ਦੀ ਇਹ ਮਜਬੂਰੀ ਹੋਵੇ ਕਿ ਉਨ੍ਹਾਂ ਨੂੰ ਕੈਰੋਂ, ਡਾਲੇਕੇ ਜਾਂ ਉਬੋਕੇ ਵਿਚੋਂ ਚੋਣ ਕਰਨੀ ਪਵੇ। ਅੰਮ੍ਰਿਤਸਰ ਵਾਲਿਆਂ ਦੀ ਮਜਬੂਰੀ ਹੋਵੇ ਕਿ ਰਘੂਨੰਦਨ ਲਾਲ ਭਾਟੀਆ ਦੀ ਵਿਰੋਧਤਾ ਕਰਦੇ ਉਨ੍ਹਾਂ ਨੂੰ ਚੀਫ ਖਾਲਸਾ ਦੀਵਾਨੀਏ ਕ੍ਰਿਪਾਲ ਸਿੰਘ ਜਾਂ ਕਿਸੇ ਟਰੱਕਾਂ ਦੇ ਮਾਲਕ ਮਿੰਟਗੁਮਰੀ ਵਿਚੋਂ ਚੋਣ ਕਰਨੀ ਪਵੇ, ਉਨ੍ਹਾਂ ਦਾ ਆਪਣਾ ਸੱਤਪਾਲ ਡਾਂਗ ਚੋਣ ਮੈਦਾਨ ਵਿਚ ਕਿਉਂ ਨਹੀਂ

ਦੇਸ਼ ਸੇਵਕ ਪ੍ਰਿੰਟਰਜ਼ ਲਿਮਟਿਡ, ਬਾਬਾ ਸੋਹਣ ਸਿੰਘ ਭਕਨਾ ਭਵਨ, 29-ਡੀ, ਚੰਡੀਗੜ੍ਹ ਤੋਂ ਛਪਵਾ ਕੇ ਮੈਸਰਜ਼ ਦੇਸ਼ ਸੇਵਕ ਐਸੋਸੀਏਸ਼ਨ